ਸਫ਼ਾਈ ਦੇ ਨਾਲ- ਨਾਲ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਣ ਦੀ ਸਵੱਛਤਾ ਲਈ ਅੱਗੇ ਆਉਣਾ ਚਾਹੀਦਾ -ਕੈਂਥ

ਡਾਇਰੈਕਟਰੀ ਸ਼ਹਿਰ ਦੇ ਲੋਕਾਂ ਲਈ ਆਪਸੀ ਸੰਪਰਕ ਵਧਾਉਣ ਵਿੱਚ ਸਹਾਈ ਹੋਵੇਗੀ

ਐਸ.ਏ.ਐਸ.ਨਗਰ, 11 ਜੂਨ (ਵੀਨਾ ਰਾਜਪੂਤ)- ਸਮਾਜ ਸੇਵੀ ਸੰਸਥਾਵਾਂ ਨੂੰ ਸ਼ਹਿਰ ਦੀ ਸਫ਼ਾਈ ਦੇ ਨਾਲ - ਨਾਲ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਦਿਨ ਪ੍ਰਤੀ ਦਿਨ ਵੱਧ ਰਹੇ ਪ੍ਰਦੂਸ਼ਣ ਨੂੰ ਠੱਲ ਪੈ ਸਕੇ। ਕਿਉਂਕਿ ਰੁੱਖ ਹੀ ਇੱਕ ਮਾਤਰ ਸਭ ਤੋਂ ਵੱਡੇ ਸਾਧਨ ਹਨ, ਜਿਹੜੇ ਪ੍ਰਦੂਸਣ ਦੀ ਰੋਕਥਾਮ ਲਈ ਸਭ ਤੋਂ ਵੱਧ ਸਹਾਈ ਹੁੰਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾਂ ਸ੍ਰ: ਮੁਹਿੰਦਰ ਸਿੰਘ ਕੈਂਥ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਨੇ ਵੈਲਫੇਅਰ ਐਕਸ਼ਨ ਕਮੇਟੀ ਫੇਜ਼ 6 ਐਸ.ਏ.ਐਸ.ਨਗਰ ਵੱਲੋਂ ਸ਼ਿਵਾਲਿਕ ਪਬਲਿਕ ਸਕੂਲ ਦੇ ਆਡੀਟੋਰੀਅਮ ਵਿਖੇ ਕਮੇਟੀ ਵੱਲੋਂ ਤਿਆਰ ਕੀਤੀ ਡਾਇਰੈਕਟਰੀ ਜਾਰੀ ਕਰਨ ਸਬੰਧੀ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਘਰਾਂ ਤੱਕ ਹੀ ਸਫ਼ਾਈ ਲਈ ਸੀਮਤ ਨਹੀਂ ਰਹਿਣਾ ਚਾਹੀਦਾ ਹੈ ਸਗੋਂ ਘਰਾਂ ਦੇ ਆਲੇ ਦੁਆਲੇ ਦੀ ਸਫ਼ਾਈ ਦੀ ਜਿੰਮੇਵਾਰੀ ਵੀ ਲੈਣੀ ਚਾਹੀਦੀ ਹੈ। ਜਿਸ ਨਾਲ ਆਲੇ ਦੁਆਲੇ ਦਾ ਵਾਤਾਵਰਣ ਵੀ ਸਵੱਛ ਹੋਵੇਗਾ । ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਡੇ ਅੰਦਰ ਆਪਣੇ ਹੱਥੀ ਕੰਮ ਕਰਨ ਦਾ ਸਭਿਆਚਾਰ ਦਿਨ ਪ੍ਰਤੀ ਦਿਨ ਖਤਮ ਹੁੰਦਾ ਜਾ ਰਿਹਾ ਹੈ ਇਥੋ ਤੱਕ ਕਿ ਘਰਾਂ ਵਿਚਲੇ ਛੋਟੇ ਛੋਟੇ ਕੰਮਾਂ ਲਈ ਵੀ ਅਸੀਂ ਨੌਕਰਾਂ ਤੇ ਨਿਰਭਰ ਕਰਨ ਲੱਗ ਪਏ ਹਾਂ ਜੋ ਕਿ ਮਦਭਾਈ ਗੱਲ ਹੈ ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਮੁੜ ਵਰਕ ਕਲਚਰ ਪੈਦਾ ਕਰਨ ਦੀ ਲੋੜ ਹੈ। ਉਨ੍ਹਾਂ ਇਸ ਮੌਕੇ ਵੈਲਫ਼ੇਅਰ ਐਕਸ਼ਨ ਕਮੇਟੀ ਵੱਲੋਂ ਤਿਆਰ ਕੀਤੀ

ਸ੍ਰੀ ਮਹਿੰਦਰ ਸਿੰਘ ਕੈਂਥ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਐਸ.ਏ.ਐਸ.ਨਗਰ ਸਿਵਾਲਿਕ ਪਬਲਿਕ ਸਕੂਲ ਦੇ ਆਡੀਟੋਰੀਅਮ ਵਿਖੇ ਵੈਲਫੇਅਰ ਐਕਸ਼ਨ ਕਮੇਟੀ ਵੱਲੋਂ ਤਿਆਰ ਕੀਤੀ ਡਾਇਰੈਕਟਰੀ ਜਾਰੀ ਕਰਦੇ ਹੋਏ। ਉਨ੍ਹਾਂ ਨਾਲ ਸ੍ਰੀ ਆਰ.ਪੀ.ਐਸ. ਵਾਲੀਆ ਐਸ.ਡੀ.ਐਮ ਵੀ ਖੜ੍ਹੇ ਦਿਖਾਈ ਦੇ ਰਹੇ ਹਨ।

ਡਾਇਰੈਕਟਰੀ ਵੀ ਜਾਰੀ ਕੀਤੀ। ਉਨ੍ਹਾਂ ਕਿਹਾ ਕਿ ਇਹ ਇੱਕ ਬਹੁਤ ਹੀ ਸਲਾਘਾ ਯੋਗ ਕੰਮ ਹੈ ਡਾਇਰੈਕਟਰੀ ਜਿਥੇ ਫੇਜ਼ -6 ਐਸ.ਏ.ਐਸ.ਨਗਰ ਦੇ ਮਕਾਨ ਮਾਲਕਾਂ ਤੇ ਦੁਕਾਨਦਾਰਾਂ ਦੇ ਪੱਤੇ ਅਤੇ ਟੈਲੀਫੋਨ ਅਧਾਰਿਤ ਤਿਆਰ ਕੀਤੀ ਗਈ ਹੈ ਇਸ ਨਾਲ ਆਪਸੀ ਸਾਂਝ ਵਧੇਗੀ ਅਤੇ ਜਨਤਾ ਨੂੰ ਜਨਤਕ ਸੂਚਨਾਂ ਦੇ ਸਬੰਧ ਵਿੱਚ ਲੋੜੀਂਦੀਆਂ ਸੇਵਾਵਾਂ ਸੰਸਥਾਵਾਂ ਅਤੇ ਸਰਕਾਰੀ ਦਫ਼ਤਰ, ਹਸਪਤਾਲਾਂ, ਪ੍ਰੈਸ ਆਦਿ ਦੇ ਟੈਲੀਫੋਨ ਨੰਬਰ ਛਾਪ ਕੇ ਇਸ ਨੂੰ ਹੋਰ ਉਪਯੋਗੀ ਬਣਾਇਆ ਗਿਆ ਹੈ। ਉਨ੍ਹਾਂ ਕਮੇਟੀ ਵੱਲੋਂ ਰੱਖਿਆਂ ਮੰਗਾਂ ਨੂੰ ਪੂਰਾ ਕਰਨ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਸ੍ਰੀ ਆਰ.ਪੀ.ਐਸ. ਵਾਲੀਆ ਐਸ.ਡੀ.ਐਮ ਐਸ.ਏ.ਐਸ.ਨਗਰ ਨੇ ਬੋਲਦਿਆਂ ਕਿਹਾ ਕਿ ਸਮਾਜ ਸੇਵਾ ਕਰਨਾ ਮਨੁੱਖਤਾ ਦਾ ਸਭ ਤੋਂ ਵੱਡਾ ਭਲਾ ਹੈ। ਕਮੇਟੀ ਸਮਾਜ ਸੇਵਾ ਵਿੱਚ ਵੀ ਬਹੁਤ ਵੱਡਾ ਯੋਗਦਾਨ ਪਾ ਰਹੀਂ ਹੈ। ਕਮੇਟੀ ਦੇ ਪ੍ਰਧਾਨ ਸ੍ਰੀ ਐਨ.ਐਸ. ਸਿੱਧੂ ਨੇ ਕਮੇਟੀ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਤੇ ਐਸ.ਡੀ.ਐਮ. ਨੂੰ ਵਿਸ਼ੇਸ਼ ਤੌਰ ਤੇ ਕਮੇਟੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਦੌਰਾਨ ਕਮੇਟੀ ਦੀ ਸਲਾਹਕਾਰ ਸ੍ਰੀ ਜੀ.ਕੇ. ਨੰਦਾ ਚੀਫ, ਪੈਟਰਨ ਸ੍ਰੀ ਡੀ.ਐਸ. ਬੇਦੀ ਸੀਨੀਅਰ ਮੀਤ ਪ੍ਰਧਾਨ ਜਸਮੇਰ ਸਿੰਘ ਬਾਠ, ਸੈਕਟਰੀ ਜੀ.ਐਸ. ਗੁਲਾਟੀ, ਸਰਬਜੀਤ ਸਿੰਘ, ਡੀ.ਆਰ. ਸ਼ਰਮਾ, ਬੀ.ਐਸ. ਬੈਦਵਾਨ, ਆਰ.ਐਸ. ਤਲਵਾਰ, ਡੀ.ਐਸ.ਮਜੀਠਿਆ, ਕਰਮ ਸਿੰਘ ਧਨੋਆ, ਗਿਆਨ ਸਿੰਘ ਧੜਾਕ, ਜਸਪਿੰਦਰ ਸਿੰਘ ਲਾਲੀ, ਜੀ.ਐਸ. ਬੈਂਸ ਅਤੇ ਐਮ.ਐਸ.ਮਾਨ ਆਦਿ ਵਿਸ਼ੇਸ਼ ਤੌਰ ਤੇ ਸ਼ਾਮਿਲ ਸਨ।

ਕੇਸ ਸੰਭਾਲ ਪ੍ਰਚਾਰ ਸੰਸਥਾ ਦੇ ਯਾਤਰੂ ਮੀਨਨ ਗੇਟ 'ਤੇ।

ਕੇਸ ਸੰਭਾਲ ਪ੍ਰਚਾਰ ਸੰਸਥਾ ਯੂਰਪ ਟੂਰ 'ਤੇ

ਈਪਰ, 11 ਜੂਨ (ਅ.ਬ.)- ਕੇਸ ਅਤੇ ਦਸਤਾਰ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਕੇਸ ਸੰਭਾਲ ਪ੍ਰਚਾਰ ਸੰਸਥਾ ਅੰਮ੍ਰਿਤਸਰ ਦੇ ਪ੍ਰਚਾਰਕ ਅੱਜ ਕੱਲ੍ਹ ਯੂਰਪ ਟੂਰ 'ਤੇ ਹਨ। ਜੋ ਯੂਰਪ ਦੇ ਵੱਖ-ਵੱਖ ਦੇਸਾਂ ਦੇ ਗੁਰਦੁਆਰਿਆਂ 'ਚ ਪ੍ਰਚਾਰ ਅਤੇ ਕੀਰਤਨ ਕਰ ਰਹੇ ਹਨ ।

ਇਟਲੀ, ਜਰਮਨ, ਫਰਾਂਸ ਹੁੰਦੇ ਹੋਏ ਇਨ੍ਹਾਂ ਨੇ ਪ੍ਰਚਾਰਕਾਂ ਨੇ ਪਿਛਲੇ ਦੋ ਦਿਨ ਹਾਲੈਂਡ ਦੇ ਗੁਰੂਘਰ ਮਾਨ ਸਰੋਵਰ ਸਾਹਿਬ ਅਮੈਸਟਰਡਮ ਵਿਖੇ ਹਾਜ਼ਰੀ ਲਗਵਾਈ ਅਤੇ ਫਿਰ ਬੈਲਜ਼ੀਅਮ ਦੇ ਗੁਰਦੁਆਰਾ ਗੁਰੂ ਨਾਨਕ ਸਾਹਿਬ ਵਿਲਵੋਰਦੇ ਵਿਖੇ ਦੀਵਾਨ ਸਜਾਇਆ। ਬਰੂਸਲਜ਼ ਗੁਰੂਘਰ 'ਚ ਦੀਵਾਨ ਸਮੇਂ ਸੰਸਥਾਂ ਦੇ ਚੇਅਰਮੈਨ ਸ: ਸੁਰਿੰਦਰਜੀਤ ਸਿੰਘ ਪਾਲ ਨੇ ਸੰਸਥਾਂ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਅਤੇ ਬੀਬੀ ਹਰਜੀਤ ਕੌਰ ਨੇ ਰਸਭਿੰਨਾ ਕੀਰਤਨ ਕੀਤਾ । ਸੰਸਥਾਂ ਦੇ ਬੱਚਿਆਂ ਦਮਨਵੀਰ ਸਿੰਘ ਨੇ ਖਿਦਰਾਣੇ ਦੀ ਢਾਬ ਬਾਰੇ ਅਤੇ ਸਹਿਜਵੀਰ ਸਿੰਘ, ਗੁਰਅਸੀਸ਼ ਕੌਰ ਅਤੇ ਅਸਲੀਨ ਕੌਰ ਨੇ ਧਾਰਮਿਕ ਕਵਿਤਾਵਾਂ ਪੜ੍ਹੀਆਂ ਅਤੇ ਅਪਨੀਆਂ ਕਿਤਾਬਾਂ ਇਸ ਗੁਰੂਘਰ 'ਚ ਨਵੀ ਬਣੀ ਲਾਇਬ੍ਰੇਰੀ ਨੂੰ ਭੇਟ ਕੀਤੀਆਂ । ਜਥੇ ਨਾਲ ਆਏ ਸ: ਭੁਪਿੰਦਰ ਸਿੰਘ ਹਾਲੈਂਡ ਨੇ ਵੀ ਵਿਸ਼ਵ ਯੁੱਧ ਨਾਲ ਸਬੰਧਿਤ ਅਪਦੀਆਂ ਖੋਜ ਭਰਪੂਰ ਤਿੰਨ ਪੁਸਤਕਾਂ ਦੇ ਦਸ ਸੈੱਟ ਵੀ ਲਾਇਬਰੇਰੀ ਨੂੰ ਭੇਟ ਕੀਤੇ। ਸੰਸਥਾਂ ਦੇ ਆਏ ਅਹੁਦੇਦਾਰਾਂ ਨਾਲ ਸਿੱਖ ਟੀ.ਵੀ ਦੇ ਜਸਵੀਰ ਸਿੰਘ ਜੱਸੀ ਵੱਲੋਂ ਕੀਤੀ ਜਾ ਰਹੀ ਇੰਟਰਵਿਊ ਸਮੇਂ ਗੁਰਦੁਆਰਾ ਕਮੇਟੀ ਵੱਲੋਂ ਜਗਦੀਸ਼ ਸਿੰਘ ਭੂਰਾ ਨੇ ਗੱਲਬਾਤ ਕਰਦਿਆਂ ਯੂਰਪ ਦੇ ਸਕੂਲਾਂ 'ਚ ਸਿੱਖ ਬੱਚਿਆਂ ਨੂੰ ਆ ਰਹੀਆਂ ਮੁਸਕਿਲਾਂ ਬਾਰੇ ਦੱਸਦਿਆਂ ਮੰਗ ਕੀਤੀ ਇਸ ਸਮੱਸਿਆਂ ਦੇ ਹੱਲ ਲਈ ਸ਼੍ਰੋਮਣੀ ਕਮੇਟੀ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ (ਜੋ ਖੁਦ ਵੀ ਦਸਤਾਰਧਾਰੀ ਹਨ) ਨੂੰ ਗੰਭੀਰਤਾਂ ਨਾਲ ਯਤਨ ਕਰਨੇ ਚਾਹੀਦੇ ਹਨ । ਉਹਨਾਂ ਅੱਗੇ ਕਿਹਾ ਕਿ ਕੇਸ ਤੇ ਦਸਤਾਰ ਤਾਂ ਫਿਰ ਹੀ ਰਹਿਣਗੇ ਜੇ ਸਿੱਖੀ ਨੂੰ ਬਚਾਅ ਸਕਾਂਗੇ। ਇਸ ਲਈ ਸਭ ਤੋ ਪਹਿਲਾਂ ਸਿੱਖੀ 'ਤੇ ਅੰਦਰੋਂ 'ਤੇ ਬਾਹਰੋਂ ਹੋ ਰਹੇ ਹਮਲਿਆਂ ਨਾਲ ਨਜਿੱਠਣ ਦੀ ਲੋੜ ਹੈ । ਉਪਰੰਤ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਬਚਿਤਰ ਸਿੰਘ ਨੇ ਆਏ ਪ੍ਰਚਾਰਕਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ । ਫਿਰ ਸੰਸਥਾਂ ਦੇ ਯਾਤਰੀਆਂ ਨੇ ਈਪਰ ਪਹੁੰਚ ਕੇ ਮੀਨਨ ਗੇਟ 'ਤੇ ਸਿੱਖ ਫੌਜੀਆਂ ਨੂੰ ਸਰਧਾ ਦੇ ਫੁੱਲ ਭੇਟ ਕੀਤੇ ਅਤੇ ਅੱਗੇ ਇੰਗਲੈਂਡ ਲਈ ਰਵਾਨਾਂ ਹੋ ਗਏ ।

ਨੰਗਲ ਡੈਮ ਚੌਂਕ ਸਬੰਧੀ ਹੋਈ ਮੀਟਿੰਗ ਬੇ-ਨਤੀਜਾ ਰਹੀ

ਨੰਗਲ 11 ਜੂਨ (ਗੁਰਵਿੰਦਰ ਸਿੰਘ ਜੰਡੀਰ) ਪਿਛਲੇ ਕੁਝ ਦਿਨਾ ਤੋਂ ਨੰਗਲ ਡੈਮ ਚੌਂਕ ਤੇ ਨੰਗਲ ਨਗਰ ਕੌਂਸਲ ਵਲੋਂ ਮਹਾ ਰਾਣਾ ਪ੍ਰਤਾਪ ਦੇ ਬੁੱਤ ਨੂੰ ਲਗਾਉਣ ਸਬੰਧੀ ਪੈਦਾ ਹੋਏ ਸਿੱਖ ਜਥੇਬੰਦੀਆਂ ਅਤੇ ਰਾਜਪੂਤ ਭਾਈਚਾਰੇ ਦਰਮਿਆਨ ਵਿਵਾਦ ਨੂੰ ਸਮਾਪਤ ਕਰਨ ਲਈ ਨਗਰ ਕੌਂਸਲ ਨੰਗਲ ਦੇ ਮੀਟਿੰਗ ਹਾਲ ਵਿੱਚ ਦੋਨਾ ਭਾਈਚਾਰਿਆਂ ਦੀ ਇਕ ਮੀਟਿੰਗ ਨਗਰ ਕੌਂਸਲ ਦੇ ਚੇਅਰਮੈਨ ਰਾਜੇਸ਼ ਚੌਧਰੀ ਦੀ ਪ੍ਰਧਾਨਗੀ ਹੇਠ ਰੱਖੀ ਗਈ ਸੀ ਜਿਸ ਵਿੱਚ ਜਿਲ੍ਹਾ ਰੋਪੜ ਪਲੈਨਿੰਗ ਬੋਰਡ ਦੇ ਚੇਅਰਮੈਨ ਅਤੇ ਨੰਗਲ ਹਲਕੇ ਦੇ ਇੰਚਾਰਜ਼ ਮਦਨ ਮੋਹਨ ਮਿੱਤਲ ਵੀ ਵਿਸੇਸ਼ ਤੌਰ ਤੇ ਪਹੁੰਚੇ ਹੋਏ ਸਨ। ਇਸ ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਜਿਨ੍ਹਾ ਵਿੱਚ ਰਾਜਪੂਤ ਸਭਾ ਵਲੋਂ ਰਾਣਾ ਦਵਿੰਦਰ ਸਿੰਘ, ਬਖਤਾਵਰ ਸਿੰਘ ਜਸਵਾਲ, ਰਛਪਾਲ ਸਿੰਘ ਰਾਣਾ ਆਦਿ ਨੇਤਾਵਾਂ ਨੇ ਮਹਾ ਰਾਣਾ ਪ੍ਰਤਾਪ ਦਾ ਬੁੱਤ ਨੰਗਲ ਡੈਮ ਚੌਂਕ ਵਿੱਚ ਲਗਾਉਣ ਦੀ ਨਗਰ ਕੌਂਸਲ ਦੇ ਚੇਅਰਮੈਨ ਨੂੰ ਅਪੀਲ ਕੀਤੀ ਜਦਕਿ ਸਿੱਖ ਜਥੇਬੰਦੀਆਂ ਦੇ ਆਗੂਆਂ ਜਿੰਨ੍ਹਾ ਵਿੱਚ ਜਥੇਦਾਰ ਗੁਰਿੰਦਰ ਸਿੰਘ ਗੋਗੀ, ਮਾਸਟਰ ਜਗੀਰ ਸਿੰਘ ਦੋਵੇਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਤੋਂ ਇਲਾਵਾ ਜਗਤਾਰ ਸਿੰਘ ਭੈਣੀ, ਅਵਤਾਰ ਸਿੰਘ, ਭੁਪਿੰਦਰ ਸਿੰਘ ਬੀਨੇਵਾਲ, ਜਗਮੋਹਨ ਸਿੰਘ ਆਦਿ ਨੇਤਾਵਾਂ ਨੇ ਨਗਰ ਕੌਂਸਲ ਨੰਗਲ ਦੇ ਚੇਅਰਮੈਨ ਨੂੰ ਅਪੀਲ ਕੀਤੀ ਜੋ ਸੰਨ 2005 ਦੇ ਵਿੱਚ ਨਗਰ ਕੌਂਸਲ ਵਲੋਂ ਪਾਸ ਕੀਤੇ ਗਏ ਮਤਾ ਨੰ: 85 ਅਤੇ ਮਤਾ ਨੰ: 299 ਜਿਸ ਵਿੱਚ ਇਹ ਜਿਕਰ ਕੀਤਾ ਗਿਆ ਸੀ ਕਿ ਮਹਾ ਰਾਣਾ ਪ੍ਰਤਾਪ ਦਾ ਬੁੱਤ ਟਰੱਕ ਯੂਨੀਅਨ ਚੌਂਕ ਵਿੱਚ ਲਗਾਇਆ ਜਾਵੇਗਾ ਜਦਕਿ ਨੰਗਲ ਡੈਮ ਚੌਂਕ ਦਾ ਨਾਮ ਸ਼੍ਰੀ ਗੁਰੂ ਗੋਬਿੰਦ ਸਿੰਘ ਚੌਂਕ ਰੱਖਿਆ ਜਾਵੇਗਾ ਅਤੇ ਚੌਂਕ ਤੋਂ ਲੈ ਕੇ ਗੁਰਦੁਆਰਾ ਬਿਭੋਰ ਸਾਹਿਬ ਤੱਕ ਮਾਰਗ ਦਾ ਨਾਮ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਰੱਖਿਆ ਜਾਵੇਗਾ ਪਾਸ ਕੀਤੇ ਗਏ ਮੱਤਿਆਂ ਅਨੁਸਾਰ ਹੀ ਫੈਸਲਾ ਕੀਤਾ ਜਾਵੇ। ਇਸ ਸਮੇਂ ਮਦਨ ਮੋਹਨ ਮਿੱਤਲ ਨੇ ਇਸ ਮਸਲੇ ਨੂੰ ਹੱਲ ਕਰਨ ਲਈ ਦੋਨਾਂ ਧਿਰਾਂ ਦੀ ਇੱਕ ਪੰਜ ਪੰਜ ਮੈਂਬਰੀ ਕਮੇਟੀ ਬਣਾਈ ਜਿਸ ਦੀ ਮੀਟਿੰਗ ਰਾਤ ਦੇਰ ਤੱਕ ਚੱਲੀ ਪਰ ਦੋਨੇ ਧਿਰਾਂ ਆਪਣੇ ਆਪਣੇ ਪੱਖ ਤੇ ਅੜੀਆਂ ਹੋਣ ਕਾਰਨ ਬੇ ਨਤੀਜਾ ਨਿਕਲੀ।

ਦੀਪਿਕਾ ਗਰਗ ਨੂੰ ਐਮ.ਬੀ.ਏ ਦੀ ਪ੍ਰੀਖਿਆ 'ਚੋਂ ਮਿਲਿਆ ਪਹਿਲਾ ਸਥਾਨ

ਮੌੜ ਮੰਡੀ 11 ਜੂਨ (ਸ਼ਾਮ ਲਾਲ ਜੋਧਪੁਰੀਆ) - ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨ ਕੀਤੇ ਗਏ ਐਮ.ਬੀ.ਏ ਦੇ ਨਤੀਜਿਆਂ ਵਿੱਚ ਨਵੇਂ ਸਥਾਪਤ ਪੰਜਾਬੀ ਯੂਨੀਵਰਸਿਟੀ ਕੈਂਪਸ ਮੌੜ ਦੀ ਵਿਦਿਆਰਥਣ ਦੀਪਿਕਾ ਗਰਗ ਨੇ ਐਮ.ਬੀ.ਏ ਦੇ ਪਹਿਲੇ ਸਮੈਸਟਰ ਦੀ ਦਸੰਬਰ 2009 ਵਿੱਚ ਹੋਈ ਯੂਨੀਵਰਸਿਟੀ ਪ੍ਰੀਖਿਆ ਵਿੱਚ 80 ਫੀਸਦੀ ਅੰਕ ਪ੍ਰਾਪਤ ਕਰਕੇ ਜ਼ਿਲ੍ਹਾ ਬਠਿੰਡਾ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ । ਦੀਪਿਕਾ ਨੇ ਪਹਿਲੀ ਪੁਜੀਸ਼ਨ ਹਾਸਲ ਕਰਕੇ ਜਿਥੇ ਯੂਨੀਵਰਸਿਟੀ ਕੈਂਪਸ ਮੌੜ ਦਾ ਨਾਮ ਉੱਚਾ ਕੀਤਾ, ਉੱਥੇ ਦੀਪਿਕਾ ਦੇ ਪਰਿਵਾਰ ਅਤੇ ਕੈਂਪਸ ਅੰਦਰ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ । ਦੀਪਿਕਾ ਨੇ ਆਪਣੀ ਸਫਲਤਾ ਦਾ ਸਿਹਰਾ ਕੈਂਪਸ ਦੇ ਮਿਹਨਤੀ ਸਟਾਫ ਦੇ ਨਾਲ-ਨਾਲ ਮਾਤਾ ਪਿਤਾ ਨੂੰ ਦਿੱਤਾ । ਕਾਲਜ ਦੇ ਪ੍ਰਿੰਸੀਪਲ ਡਾ. ਡੀ.ਕੇ. ਮਦਾਨ ਨੇ ਦੱਸਦਿਆਂ ਕਿਹਾ ਕਿ ਕੈਂਪਸ ਦੇ ਐਮ ਬੀ.ਏ ਵਿੱਚ ਦਾਖਲ ਸਾਰੇ ਵਿਦਿਆਰਥੀਆਂ ਨੇ 73 ਫੀਸਦੀ ਅੰਕ ਪ੍ਰਾਪਤ ਕਰਕੇ 100 ਫੀਸਦੀ ਨਤੀਜੇ ਦਾ ਰਿਕਾਰਡ ਬਣਾਇਆ ਹੈ । ਬਠਿੰਡਾ ਜ਼ਿਲ੍ਹਾ ਵਿੱਚ ਬਾਕੀ ਕਾਲਜਾਂ ਦੇ ਵਿਦਿਆਰਥੀਆਂ ਦਾ ਸਾਰੇ ਵਿਸ਼ਿਆਂ ਵਿੱਚ ਪਾਸ ਹੋਣ ਦਾ ਨਤੀਜਾ 60 ਫੀਸਦੀ ਲੱਗਭੱਗ ਰਿਹਾ ਹੈ । ਕੈਂਪਸ ਦੀ ਇਸ ਉਪਲੱਬਧੀ ਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਅਤੇ ਰਜਿਸਟਰਾਰ ਡਾ. ਮਨਜੀਤ ਸਿੰਘ ਨੇ ਵਿਦਿਆਰਥੀਆਂ ਅਤੇ ਸਮੁੱਚੇ ਸਟਾਫ ਨੂੰ ਵਧਾਈ ਦਿੱਤੀ । ਇਸ ਕੈਂਪਸ ਦਾ ਵਿਕਾਸ ਆਉਣ ਵਾਲੇ ਸਮੇਂ ਵਿਚ ਹੋਰ ਤੇਜ਼ੀ ਨਾਲ ਕੀਤਾ ਜਾਵੇਗਾ । ਅਜਿਹੇ ਸਿੱਖਿਆਂ ਦੇ ਪਛੜੇ ਖੇਤਰ ਤੋਂ ਦੀਪਿਕਾ ਦੇ ਐਮ.ਬੀ.ਏ ਦੀ ਪ੍ਰੀਖਿਆ ਵਿੱਚੋਂ ਜਿਲ੍ਹਾ ਬਠਿੰਡਾ ਟੋਪ ਕਰਨ 'ਤੇ ਮੰਡੀ ਨਿਵਾਸੀਆਂ ਨੂੰ ਪੂਰਾ ਮਾਣ ਹੈ । ਅੱਜ ਇਨ੍ਹਾਂ ਦੇ ਘਰ ਵਿਖੇ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਿਆਂ ਹੋਇਆ ਸੀ । ਇਸ ਮੌਕੇ 'ਤੇ ਦੀਪਿਕਾ ਗਰਗ ਨੇ ਸਾਡੇ ਪੱਤਰਕਾਰ ਨੂੰ ਦੱਸਿਆ ਕਿ ਮੇਰਾ ਸੁਪਨਾ ਹੈ ਕਿ ਮੈਂ ਇੱਕ ਆਈ.ਏ.ਐਸ. ਅਫਸਰ ਬਣ ਕੇ ਪੂਰੇ ਦੇਸ਼ ਦੀ ਸੇਵਾ ਕਰ ਸਕਾਂ । ਇਸ ਮੌਕੇ 'ਤੇ ਇਨ੍ਹਾਂ ਦੇ ਪਿਤਾ ਵਰਿੰਦਰ ਕੁਮਾਰ ਨੇ ਦੱਸਿਆ ਕੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜੀ ਵੱਲੋਂ ਪਿਛਲੇ ਕਈ ਸਾਲਾਂ ਤੋਂ ਬੰਦ ਪਿਆ ਹੋਇਆ ਕਾਲਜ ਹੋਣ ਕਾਰਨ ਵਿਦਿਆਰਥੀਆਂ ਨੂੰ ਪੜ੍ਹਨ ਲਈ ਬਾਹਰ ਜਾਣਾ ਪੈਂਦਾ ਸੀ, ਪਰ ਯੂਨੀਵਰਸਿਟੀ ਕੈਂਪਸ ਖੁੱਲ੍ਹਣ ਦੇ ਨਾਲ ਇਲਾਕੇ ਦੇ ਪੇਂਡੂ ਅਤੇ ਸ਼ਹਿਰੀ ਬੱਚਿਆਂ ਨੂੰ ਪੜ੍ਹਨ ਲਈ ਵਧੀਆਂ ਸਹੂਲਤਾਂ ਮਿਲੀਆਂ ਹਨ । ਜਿਸ ਕਾਰਨ ਅੱਜ ਇੱਥੇ ਵਿੱਦਿਆ ਹਾਸਿਲ ਕਰਕੇ ਜਿਲ੍ਹੇ ਵਿੱਚ ਮੱਲ੍ਹਾਂ ਮਾਰ ਰਹੀਆਂ ਹਨ । ਇਸ ਮੌਕੇ 'ਤੇ ਸ੍ਰੀ ਰਜੇਸ਼ ਕੁਮਾਰ ਜੈਨ ਸਾਬਕਾ ਪ੍ਰਧਾਨ ਨਗਰ ਕੌਂਸਲ ਮੌੜ, ਜਗਦੀਸ਼ ਰਾਏ ਕਾਕਾ, ਹਰੀਸ਼ ਮਿੱਤਲ, ਪ੍ਰਵੀਨ ਕੁਮਾਰ, ਕੁਲਵੰਤ ਰਾਏ ਖਾਨੇ ਵਾਲੇ, ਚੌਧਰੀ ਦਰਸ਼ਨ ਲਾਲ ਹਾਜ਼ਰ ਸਨ ।

ਮੌੜ ਮੰਡੀ ਦੇ ਯੂਨੀਵਰਸਿਟੀ ਕੈਂਪਸ ਵਿਚ ਦੀਪਿਕਾ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਕਾਲਜ ਪ੍ਰਿੰਸੀਪਲ ਅਤੇ ਮਾਪੇ। *ਤਸਵੀਰ: ਸ਼ਾਮ ਲਾਲ ਜੋਧਪੁਰੀਆ*

ਸਮਾਜਿਕ ਸਰੋਕਾਰਾਂ ਦੀ ਤਰਜਮਾਨੀ ਕਰੇਗੀ ਮੇਰੀ ਨਵੀਂ ਕੈਸਿਟ 'ਆਵਾਜ਼'-ਭਗਵੰਤ



ਚੀਮਾ ਮੰਡੀ, 11 ਜੂਨ (ਮਹਿੰਦਰਪਾਲ)- ਕਮੇਡੀ ਕਿੰਗ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੇ ਗੀਤਾਂ ਦੀ ਨਵੀਂ ਐਲਬਮ 'ਆਵਾਜ਼' ਰਾਹੀਂ ਪੰਜਾਬ ਦੀ ਗਾਇਕੀ ਨੂੰ ਇੱਕ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਇਸ ਐਲਬਮ ਵਿੱਚ ਵੱਖ—ਵੱਖ ਵਰਗਾਂ ਨਾਲ ਸੰਬੰਧਿਤ ਨਿਵੇਕਲੀ ਕਿਸਮ ਦੇ ਗੀਤ ਪਾਏ ਗਏ ਹਨ। ਇਹ ਵਿਚਾਰ ਉਨ੍ਹਾਂ ਕਸਬੇ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਿੱਥੇ ਇਸ ਐਲਬਮ ਵਿੱਚ ਧਰਤੀ ਵਿੱਚ ਘੱਟ ਰਿਹਾ ਪਾਣੀ, ਦਰਖਤ ਤੇ ਜਾਨਵਰਾਂ ਦੇ ਦਿਨੋਂ ਦਿਨ ਘਟਣ ਦੀ ਗੱਲ ਕੀਤੀ ਗਈ ਹੈ, ਉੱਥੇ ਪੰਜਾਬ ਦੀ ਕਿਸਾਨੀ ਦਾ ਹਾਲ ਪੇਸ਼ ਕੀਤਾ ਗਿਆ ਹੈ ਤੇ ਇਸ ਤੋਂ ਇਲਾਵਾ ਅੱਜ ਦੇ ਸਿਆਸਤਦਾਨਾਂ ਵੱਲੋਂ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਮੁੱਲ ਕਿਸ ਤਰ੍ਹਾਂ ਪਾਇਆ ਜਾ ਰਿਹਾ ਹੈ, ਇਸ ਸਬੰਧੀ ਸ਼ਹੀਦ ਭਗਤ ਸਿੰਘ ਨੂੰ ਲਿਖੀ ਇੱਕ ਚਿੱਠੀ ਦੇ ਰੂਪ ਵਿੱਚ ਗੀਤ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕਰਦਿਆਂ ਕਿਹਾ ਕਿ ਇਸ ਐਲਬਮ ਵਿਚਲੇ ਗੀਤ ਪੰਜਾਬ ਦੀ ਗਾਇਕੀ ਦੇ ਇਤਿਹਾਸ ਵਿਚ ਇਕ ਨਵਾਂ ਇਤਿਹਾਸ ਸਿਰਜਣਗੇ।

ਕੇਂਦਰੀ ਮੰਤਰੀ ਅੰਬਿਕਾ ਸੋਨੀ ਨੂੰ ਗੁਲਦਸਤਾ ਭੇਟ ਕਰਦੇ ਹੋਏ ਸੰਦੀਪ ਕੁਮਾਰ ਮਹਿਤਾ ਤੇ ਹੋਰ ਕਾਂਗਰਸੀ ਆਗੂ। *ਤਸਵੀਰ: ਬਲਕਾਰ ਸਹੋਤਾ*

ਮਾਨਸਾ ਦੇ ਕਾਂਗਰਸ ਆਗੂਆਂ ਦਾ ਵਫਦ ਕੇਂਦਰੀ ਮੰਤਰੀ ਅੰਬਿਕਾ ਸੋਨੀ ਨੂੰ ਮਿਲਿਆ

ਭੀਖੀ, 11 ਜੂਨ (ਬਲਕਾਰ ਸਹੋਤਾ)- ਜਿਲ੍ਹਾ ਮਾਨਸਾ ਦੇ ਕਾਂਗਰਸੀ ਆਗੂਆ ਦਾ ਇੱਕ ਵਫਦ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਾਮਪਾਲ ਢੈਪਈ ਦੀ ਅਗਵਾਈ ਹੇਠ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਸ਼੍ਰੀਮਤੀ ਅੰਬਿਕਾ ਸੋਨੀ ਨੂੰ ਚੰਡੀਗੜ੍ਹ 'ਚ ਮਿਲਕੇ ਮਾਲਵੇ 'ਚ ਵਧ ਰਹੇ ਕੈਂਸਰ ਦੇ ਪ੍ਰਕੋਪ ਤੋਂ ਜਾਣੂ ਕਰਵਾਇਆ। ਇਸ ਨਾਮੁਰਾਦ ਬਿਮਾਰੀ ਨੂੰ ਠੱਲ੍ਹ ਪਾਉਣ ਲਈ ਯੋਗ ਕਦਮ ਉਠਾਉਣ ਦੀ ਮੰਗ ਕੀਤੀ। ਵਫਦ 'ਚ ਸ਼ਾਮਿਲ ਆਗੂਆਂ ਨੇ ਕੇਂਦਰੀ ਮੰਤਰੀ ਤੋਂ ਮੰਗ ਕੀਤੀ ਕਿ ਮਾਨਸਾ 'ਚ ਕੇਂਦਰ ਦੀ ਮਦਦ ਨਾਲ ਕੈਂਸਰ ਹਸਪਤਾਲ ਖੋਲ੍ਹਿਆ ਜਾਵੇ ਅਤੇ ਕੈਂਸਰ ਦੀ ਬਿਮਾਰੀ ਦੇ ਕਾਰਨਾਂ ਦਾ ਪਤਾ ਲਾਉਣ ਲਈ ਕੈਂਸਰ ਰਿਸਰਚ ਕੇਂਦਰ ਸਥਾਪਿਤ ਕੀਤਾ ਜਾਵੇ। ਸ਼ੁੱਧ ਪੀਣ-ਯੋਗ ਪਾਣੀ ਦੇ ਵੀ ਪ੍ਰਬੰਧ ਕੀਤੇ ਜਾਣ। ਇਸ ਮਿਲਣੀ 'ਤੇ ਕੇਂਦਰੀ ਮੰਤਰੀ ਨੇ ਕਾਂਗਰਸੀ ਆਗੂਆਂ ਨੂੰ ਭਰੋਸਾ ਦਿੱਤਾ ਕਿ ਉਹ ਕੈਂਸਰ ਦੀ ਸਮੱਸਿਆ ਦੇ ਹੱਲ ਲਈ ਕੇਂਦਰੀ ਸਿਹਤ ਮੰਤਰਾਲੇ, ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਤੋਂ ਇਲਾਵਾ ਸਿਹਤ ਸੇਵਾਵਾਂ ਦੇ ਖੇਤਰ 'ਚ ਕੰਮ ਕਰ ਰਹੀਆ ਅੰਤਰਰਾਸ਼ਟਰੀ ਸੰਸਥਾਵਾਂ ਤੱਕ ਵੀ ਪਹੁੰਚ ਕਾਇਮ ਕਰਨਗੇ। ਵਫਦ 'ਚ ਸੰਦੀਪ ਮਹਿਤਾ ਸਕੱਤਰ ਮਨੁੱਖੀ ਅਧਿਕਾਰ ਵਿਭਾਗ ਪ੍ਰਦੇਸ਼ ਕਾਂਗਰਸ, ਹਰਬੰਸ ਸਿੰਘ ਜਥੇਬੰਦਕ ਸਕੱਤਰ, ਗੁਰਜੰਟ ਸਿੰਘ ਅਲੀਸ਼ੇਰ, ਬਲਵਿੰਦਰ ਸਿੰਘ ਨਾਰੰਗ, ਦਵਿੰਦਰ ਸਿੰਘ ਡੇਲੂਆਣਾ ਤੋਂ ਇਲਾਵਾ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਰਾਜਪਾਲ ਸਿੰਘ, ਸਕੱਤਰ ਰਜਿੰਦਰ ਕੌਰ, ਗੁਰਵਿੰਦਰ ਸਿੰਘ ਬਾਲੀ ਅਤੇ ਰਾਜਵੰਤ ਸਿੰਘ ਸ਼ੇਰਗਿੱਲ ਆਦਿ ਸ਼ਾਮਿਲ ਸਨ।

ਕੈਂਸਰ ਹਸਪਤਾਲ ਖੋਲ੍ਹਣ ਦੀ ਮੰਗ

ਸ਼੍ਰੋਮਣੀ ਅਕਾਲੀ ਦਲ ਦਾ ਪਰਚਮ ਸਾਰੇ ਪਾਸੇ ਲਹਿਰਾਏਗਾ- ਮਜੀਠੀਆ

100 ਟਕਸਾਲੀ ਕਾਂਗਰਸੀ ਪਰਿਵਾਰ ਅਕਾਲੀ ਦਲ 'ਚ ਸ਼ਾਮਿਲ

ਮਜੀਠਾ, 11 ਜੂਨ (ਸੁਭਾਸ਼ ਚੰਦਰ ਮਜੀਠਾ) ਅਕਾਲੀ ਦਲ ਬਾਦਲ ਭਾਜਪਾ ਗਠਜੋੜ ਵਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਸਫਲਤਾ ਨੂੰ ਦੇਖਦਿਆ ਕਾਂਗਰਸ ਪਾਰਟੀ ਦੇ ਆਗੂ ਤੇ ਵਰਕਰ ਅਕਾਲੀ ਦਲ ਬਾਦਲ ਵਿਚ ਸ਼ਾਮਿਲ ਹੋ ਰਹੇ, ਇਸ ਨੂੰ ਦੇਖਦਿਆਂ ਉਹ ਦਿਨ ਦੂਰ ਨਹੀਂ ਜਦੋਂ ਕਾਂਗਰਸ ਪਾਰਟੀ ਇਕ ਇਤਿਹਾਸ ਬਣ ਕੇ ਰਹਿ ਜਾਵੇਗੀ ਅਤੇ ਇਸ ਦਾ ਬਿਲਕੁਲ ਸਫਾਇਆ ਹੋ ਜਾਵੇਗਾ ਤੇ ਪੰਜਾਬ ਵਿਚ ਇਕੋ ਇਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਕੇਸਰੀ ਪਰਚਮ ਸਭ ਪਾਸੇ ਲਹਿਰਾਏਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਤੇ ਹਲਕਾ ਵਿਧਾਇਕ ਸ ਬਿਕਰਮ ਸਿੰਘ ਮਜੀਠੀਆ ਨੇ ਪਿੰਡ ਪਾਖਰਪੁਰਾ ਦੇ ਟਕਸਾਲੀ ਕਾਂਗਰਸੀ ਪਰਿਵਾਰਾਂ ਨੂੰ ਅਕਾਲੀ ਦਲ ਬਾਦਲ ਵਿਚ ਸ਼ਾਮਿਲ ਕਰਨ ਉਪਰੰਤ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਨ ਦੌਰਾਨ ਕੀਤਾ। ਇਸ ਸਮੇਂ ਜਥੇ ਕਰਨੈਲ ਸਿੰਘ ਪਾਖਰਪੁਰਾ, ਅਨੂਪ ਸਿੰਘ ਬੇਦੀ, ਗੁਰਮੇਜ ਸੋਖੀ, ਰਣਜੀਤ ਸਿੰਘ, ਸੁਖਵਿੰਦਰ ਸਿੰਘ, ਅਜੀਜ ਮਸੀਹ, ਖਜਾਨ ਸਿੰਘ, ਗੁਰਚਰਨ ਸਿੰਘ ਢਿਲੋ, ਮਨਜੀਤ ਸਿੰਘ, ਬਚਿੱਤਰ ਸਿੰਘ ਨਾਗੀ, ਅਜੀਤ ਸਿੰਘ, ਜਸ ਮਸੀਹ, ਦੇਸਾ ਮਸੀਹ, ਹਰਵਿੰਦਰ ਸਿੰਘ ਮੁਗੋਸੋਹੀ ਸਮੇਤ 100 ਕਾਂਗਰਸੀ ਪਰਿਵਾਰ ਹਮੇਸਾਂ ਲਈ ਅਕਾਲੀ ਦਲ ਬਾਦਲ ਵਿਚ ਸ਼ਾਮਿਲ ਹੋਏ। ਇਸ ਸਮੇਂ ਅਕਾਲੀ ਦਲ ਵਿਚ ਸ਼ਾਮਿਲ ਹੋਏ ਪਰਿਵਾਰਾਂ ਨੂੰ ਸ ਮਜੀਠੀਆ ਵਲੋਂ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਪਾਰਟੀ ਅੰਦਰ ਬਣਦਾ ਮਾਨ ਸਤਿਕਾਰ ਦੇਣ ਦਾ ਭਰੋਸਾ ਦਿੱਤਾ। ਇਸ ਮੋਕੇ ਵਿਧਾਇਕ ਲਖਬੀਰ ਸਿੰਘ ਲੋਧੀਨੰਗਲ, ਚੇਅਰਮੈਨ ਰਜਿੰਦਰ ਕੁਮਾਰ ਪੱਪੂ, ਸੰਤੋਖ ਸਿੰਘ ਸਮਰਾ, ਰਾਮ ਸਿੰਘ ਅਬਦਾਲ, ਚੇਅਰਮੈਨ ਰੋਜੀ ਬੱਲ, ਜਥੇ ਸ਼ਮੀਰ ਸਿੰਘ, ਤਲਬੀਰ ਸਿੰਘ ਗਿੱਲ, ਸਰਪੰਚ ਨਿਰਮਲ ਸਿੰਘ, ਜਥੇ ਕਰਮ ਸਿੰਘ ਲਹਿਰਕਾ, ਕੁਲਜੀਤ ਸਿੰਘ, ਧਰਮ ਸਿੰਘ, ਗੁਰਚਰਨ ਸਿੰਘ, ਦਿਲਬਾਗ ਸਿੰਘ ਲਹਿਰਕਾ, ਬਿਕਰਮ ਸਿੰਘ ਢਿਲੋ, ਪ੍ਰੋ ਪਰਮਜੀਤ ਸਿੰਘ, ਬਲਵਿੰਦਰ ਸਿੰਘ, ਜਸਬੀਰ ਸਿੰਘ, ਕਿਰਪਾਲ ਸਿੰਘ, ਹਰਭਜਨ ਸਿੰਘ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

ਪਿੰਡ ਪਾਖਰਪੁਰਾ ਵਿਖੇ ਕਾਂਗਰਸੀ, ਅਕਾਲੀ ਦਲ ਬਾਦਲ ਵਿਚ ਸ਼ਾਮਿਲ ਹੋਣ ਤੋ ਬਾਅਦ ਉਹਨਾ ਨਾਲ ਸ੍ਰ ਬਿਕਰਮ ਸਿੰਘ ਮਜੀਠੀਆ , ਪੱਪੂ ਜੈਂਤੀਪੁਰ ਤੇ ਹੋਰ। *ਫੋਟੋ:ਸੁਭਾਸ਼ ਮਜੀਠਾ*

ਸਰਦੇਵਾ ਸਿੰਘ ਮਾਰਕੀਟ ਦੀ ਸਾਰ ਲੈਣ ਵਾਲਾ ਕੋਈ ਨਹੀ

ਪਟਿਆਲਾ, 11 ਜੂਨ (ਲਵ ਮੋਦਗਿੱਲ, ਯੋਗੇਸ ਧੀਰ)- ਪਟਿਆਲਾ ਸ਼ਹਿਰ ਵਿੱਚ ਬਰਸਾਤ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਰਨ ਕਈ ਥਾਵਾਂ ਤੇ ਇੱਕ-ਇੱਕ ਹਫਤਾ ਪਾਣੀ ਰੁਕਣ ਕਰਨ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੀਤੇ ਦਿਨੀ ਹੋਈ ਭਾਰੀ ਬਰਸਾਤ ਕਰਨ ਪਟਿਆਲਾ ਦੇ ਮਾਲ ਰੋਡ ਤੇ ਸਥਿਤ ਸਰਦੇਵਾ ਸਿੰਘ ਮਾਰਕੀਟ ਚ ਵੀ ਪਿਛਲੇ ਕਈ ਦਿਨਾ ਤੋ ਪਾਣੀ ਖੜਾ ਹੋਣ ਕਾਰਨ ਉਕਤ ਮਾਰਕੀਟ ਦੇ ਲੱਗਭੱਗ 200 ਦੁਕਾਨਦਾਰਾਂ ਨੂੰ ਔਕੜਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਕਤ ਮਾਰਕੀਟ ਦੇ ਪ੍ਰਧਾਨ ਨੇ ਨਗਰ ਨਿਗਮ ਤੋਂ ਸਖਤ ਨਿਰਾਸਾ ਜਹਿਰ ਕਰਦੇ ਹੋਏ ਕਿਹਾ ਕਿ ਬਰਸਾਤ ਦਾ ਪਾਣੀ ਖੜਾ ਹੋਣ ਕਾਰਨ ਸਾਡਾ ਵਪਾਰ ਠੰਡੇ ਬਸਤੇ ਵਿੱਚ ਪੈ ਗਿਆ ਹੈ ਕਿਉਕਿ ਬਰਸਾਤ ਦੇ ਪਾਣੀ ਕਾਰਨ ਕੋਈ ਗ੍ਰਾਹਕ ਇਸ ਮਾਰਕੀਟ ਵਿਚ ਨਹੀ ਆਉਦਾ ਇਸੀ ਕਾਰਨ ਸਾਡੀ ਮਾਰਕੀਟ ਵਿਚ ਵੱਖ-ਵੱਖ ਦੁਕਾਨਾਂ, ਹੋਟਲਾਂ, ਵਰਕਸ਼ਾਪਾਂ ਅਤੇ ਸਪੇਅਰ ਪਾਰਟ ਦੀਆਂ ਦੁਕਾਨਾਂ ਵਿਚ ਕੰਮ ਕਰਦੇ ਸੈਕੜੇ ਮਜਦੂਰਾਂ ਦਾ ਰੋਜਗਾਰ ਵੀ ਠੰਪ ਹੋ ਗਿਆ ਹੈ। ਜਿਕਰਯੋਗ ਹੈ ਕਿ ਪਟਿਆਲਾ ਦੇ ਮਾਲ ਰੋਡ ਉਪਰ ਸਥਿਤ ਹੋ ਕਾਰਨ ਵੀ ਸਰਦੇਵਾ ਸਿੰਘ ਮਾਰਕੀਟ ਦੀ ਸਾਰ ਲੈਣ ਵਾਲਾ ਕੋਈ ਅਧਿਕਾਰੀ ਨਹੀ ਆਇਆ। ਉਕਤ ਮਾਰਕੀਟ ਵਿਚ ਪਾਣੀ ਦੀ ਨਿਕਾਸੀ ਦਾ ਕੋਈ ਪੁਖੱਤਾ ਪ੍ਰਬੰਧ ਨਹੀ ਹੈ। ਮਾਰਕੀਟ ਦੇ ਪ੍ਰਧਾਨ ਨੇ ਨਗਰ ਨਿਗਮ ਦੇ ਕਮਿਸ਼ਨਰ ਸ. ਮਨਜੀਤ ਸਿੰਘ ਨਰੰਗ ਅਤੇ ਮੇਅਰ ਅਜੀਤਪਾਲ ਸਿੰਘ ਕੋਹਲੀ ਤੋ ਮੰਗ ਕੀਤੀ ਹੈ ਕਿ ਸਾਡੀ ਮਾਰਕੀਟ ਵਿਚ ਪਾਣੀ ਦੀ ਨਿਕਾਸੀ ਦਾ ਪੁਖੱਤਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਆਉਣ ਵਾਲੇ ਬਰਸਾਤੀ ਮੋਸਮ ਵਿਚ ਸਾਨੂੰ ਇਕ ਇਕ ਮਹੀਨਾ ਆਪਣਾ ਕੰਮ ਕਾਜ ਠੰਪ ਨਾ ਕਰਨਾ ਪਵੇ।

ਸਰਦੇਵਾ ਸਿੰਘ ਮਾਰਕੀਟ ਵਿਚ ਖੜ੍ਹੇ ਬਰਸਾਤ ਦੇ ਪਾਣੀ ਦਾ ਦ੍ਰਿਸ਼।

ਕੈਸਿਟ 'ਪੈਨਸ਼ਨ ਬੇਬੇ ਦੀ' ਰਿਲੀਜ਼ ਕੀਤੇ ਜਾਣ ਦਾ ਦ੍ਰਿਸ਼। *ਤਸਵੀਰ: ਰਾਜ ਜੋਸ਼ੀ*

ਪਾਲੀ ਦੀ ਦੋਗਾਣਾ ਕੈਸਿਟ 'ਪੈਨਸ਼ਨ ਬੇਬੇ ਦੀ' ਰਿਲੀਜ਼

ਲੁਧਿਆਣਾ, 11 ਜੂਨ (ਰਾਜ ਜੋਸ਼ੀ)- ਪੰਜਾਬੀ ਸਭਿਆਚਾਰ ਵਿਚ ਪਰਿਵਾਰਕ ਅਸੇ ਸਾਫ਼ ਸੁਥਰੇ ਗੀਤਾਂ ਦੀਆਂ ਹੁਣ ਤੱਕ 50 ਕੈਸਿਟਾਂ ਪੇਸ਼ ਕਰਨ ਵਾਲੇ ਗੀਤਕਾਰ ਤੇ ਗਾਇਕ ਪਾਲੀ ਦੇਤਵਾਲੀਏ ਨੇ ਅੱਜ ਆਪਣੀ ਨਵੀਂ ਦੌਰਾਨ ਵੀ.ਸੀ.ਡੀ. ਪੈਨਸ਼ਨ ਬੇਬੇ ਦੀ ਸਰੋਤਿਆਂ ਦੇ ਰੂਬਰੂ ਪੇਸ਼ ਕੀਤੀ ਹੈ ਜਿਸ ਵਿੱਚ 9 ਗੀਤ ਹਨ ਤੇ ਪਾਲੀ ਦਾ ਸਾਥ ਦਿੱਤਾ ਹੈ ਸਿਮਰਨ ਸਿੰਮੀ ਨੇ। ਪੈਨਸ਼ਨ ਬੇਬੇ ਦੀ ਕੈਸਿਟ ਦੀ ਰਿਲੀਜ਼ ਉੱਘੇ ਪ੍ਰਮੋਟਰ ਯੂ.ਕੇ. ਦੇ ਸ. ਤਰਸੇਮ ਸਿੰਘ ਠਾਣੇਦਾਰ ਵੱਲੋਂ ਕੀਤੀ ਗਈ। ਸੀ.ਸੀ. ਐਸ. ਨੈੱਟਵਰਕ ਅਤੇ ਨਿਰਮਲ ਸੰਧਾਵਾਲੀਆ ਵੱਲੋਂ ਇਹ ਕੈਸਿਟ ਬਾਜ਼ਾਰ ਵਿਚ ਲਿਆਂਦੀ ਗਈ ਹੈ। ਇਸ ਵਿੱਚ ਉਸਤਾਦ ਲਾਲ ਚੰਦ ਯਮਲਾ ਜੱਟ, ਮਨਮੋਹਨ ਸਿੰਘ, ਸਾਜਨ ਰਾਏਕੋਟੀ, ਟਪਿਆਲੇਵਾਲਾ ਅਤੇ ਪਾਲੀ ਦੇਤਵਾਲੀਏ ਦੇ ਗੀਤ ਹਨ। ਸਾਫ਼ ਸੁਥਰੀ ਇਸ ਬੀਟ ਸੰਗੀਤ ਵਾਲੀ ਕੈਸਿਟ ਦਾ ਇਕ ਗੀਤ ਹੁਣ ਪੈਨਸ਼ਨ ਲੱਗ ਗਈ ਬੇਬੇ ਦੀ-ਬੇਬੇ ਦੀ ਸੇਵਾ ਕਰਿਆ ਕਰ ਪਾਲੀ ਨੇ ਗਾ ਕੇ ਸੁਣਾਇਆ। ਇਸ ਸਮੇਂ ਗੀਤਕਾਰ ਸਰਬਜੀਤ ਸਿੰਘਬਿਰਦੀ, ਕੁਲਦੀਪ ਸ਼ੇਰਗਿੱਲ, ਚਮਕ ਚਮਕੀਲਾ, ਅਮਰੀਕ ਸਿੰਘ, ਪਰਮਜੀਤ ਸਿੰਘ ਵਾਲੀਆ, ਕਰਮਜੀਤ ਸਿੰਘ ਵਿਰਦੀ, ਸੰਜੀਵ ਜਲਾਲਾਬਾਦੀਆ ਆਦਿ ਵੀ ਹਾਜ਼ਰ ਸਨ।

ਭੁਪਾਲ ਗੈਸ ਕਾਂਡ ਸਬੰਧੀ ਫੈਸਲਾ ਦੇਰ ਵੀ ਅੰਧੇਰ ਵੀ- ਸੀਟੂ

ਚੰਡੀਗੜ੍ਹ, 11 ਜੂਨ (ਅ.ਬ.)- ਦਸੰਬਰ 2-3, 1984 ਨੂੰ ਅਮਰੀਕਾ ਦੀ ਬਹੁਕੌਮੀ ਕੰਪਨੀ ਯੂਨੀਅਨ ਕਾਰਬਾਈਡ ਵਿਚ ਸੇਫਟੀ ਕਾਨੂੰਨਾਂ ਦੀ ਘੋਰ ਉਲੰਘਣਾ ਕਰਨ ਵਾਪਰੇ ਸੰਸਾਰ ਦੇ ਹੁਣ ਤੱਕ ਦੇ ਸਭ ਤੋਂ ਵੱਡੇ ਸਨਅਤੀ ਹਾਦਸੇ ਦੇ ਪੀੜਤਾਂ ਨੂੰ ਇਨਸਾਫ਼ ਦੇਣ ਲਈ 26 ਸਾਲ ਬਾਅਦ ਕੀਤੇ ਅਦਾਲਤੀ ਫ਼ੈਸਲੇ ਨੂੰ ਬਹੁਤ ਹੀ ਮੰਦਭਾਗਾ ਅਤੇ ਦੁਖਦਾਈ ਦੱਸਦੇ ਹੋਏ ਸੀਟੂ ਦੇ ਕੌਮੀ ਸਕੱਤਰ ਕਾਮਰੇਡ ਰਘੁਨਾਥ ਸਿੰਘ ਨੇ ਕਿਹਾ ਕਿ ਇਹ ਫ਼ੈਸਲਾ ਪੀੜਤਾਂ ਲਈ ਦੇਰ ਵੀ ਹੈ ਅਤੇ ਅੰਧੇਰ ਵੀ ਹੈ ਵਾਲਾ ਫੈਸਲਾ ਹੈ। 26 ਸਾਲ ਬਾਅਦ ਕੀਤਾ ਫੈਸਲਾ ਅਤੇ 25 ਹਜ਼ਾਰ ਦੇ ਲੱਗਭੱਗ ਨਿਰਦੋਸ਼ ਲੋਕਾਂ ਦੀਆਂ ਜਾਨਾਂ ਲੈਣ ਵਾਲਿਆਂ ਨੂੰ ਸਜ਼ਾ ਸਿਰਫਞ 2-2- ਸਾਲ ਅਤੇ ਜ਼ਮਾਨਤਾਂ ਉੱਤੇ ਤੁਰੰਤ ਰਿਹਾਅ ਕਰਨਾ ਸਪੱਸ਼ਟ ਕਰਦਾ ਹੈ ਕਿ ਸਾਡੀ ਕਾਨੂੰਨੀ ਅਤੇ ਨਿਆਂ ਪ੍ਰਨਾਲੀ ਕਿੰਨੀ ਖੋਖਲੀ ਅਤੇ ਲੋਕ ਵਿਰੋਧੀ ਹੈ। ਇਸ ਕਾਂਡ ਦੇ ਮੁੱਖ ਦੋਸ਼ੀ ਵਾਰੇਨ ਐਂਡਰਸਨ ਦਾ ਫੈਸਲੇ ਵਿੱਚ ਜ਼ਿਕਰ ਨਾ ਕਰਨਾ ਇਸ ਫੈਸਲੇ ਅਤੇ ਸਮੁੱਚੀ ਕਾਨੂੰਨੀ ਪ੍ਰੀਕਿਰਿਆ ਦਾ ਇਕ ਹੋਰ ਵੀ ਗੰਭੀਰ ਅਤੇ ਚਿੰਤਾਜਨਤ ਪਹਿਲੂ ਹੈ। ਰਘੁਨਾਥ ਸਿੰਘ ਨੇ ਕਿਹਾ ਕਿ ਜੇਕਰ ਸਰਕਾਰ ਨੇ ਸਾਰੇ ਦੋਸ਼ਸ਼ਆਂ ਨੂੰ ਸਖ਼ਤ ਸਜਾਵਾਂ ਦਿਵਾਉਣ ਲਈ ਅਤੇ ਪੀੜਤਾਂ ਨੂੰ ਯੋਗ ਮੁਆਵਜ਼ਾ ਦੇਣ ਲਈ ਫੌਰੀ ਠੋਸ ਕਦਮ ਨਾ ਚੁੱਕੇ ਤਾਂ ਫੈਕਟਰੀਆਂ ਵਿਚ ਸੇਫਟੀ ਕਾਨੂੰਨਾਂ ਦੀ ਉਲੰਘਣਾ ਕਰਕੇ ਮਨੁੱਖੀ ਜੀਵਨ ਲਈ ਖਤਰੇ ਖੜ੍ਹੇ ਕਰਨ ਵਾਲੇ ਰੁਝਾਨੂੰ ਹੋਰ ਉਤਸ਼ਾਹ ਮਿਲੇਗਾ ਅਤੇ ਭਵਿੱਖ ਵਿਚ ਅਜਿਹੇ ਹਾਦਸੇ ਹੋਰ ਵੀ ਵਾਪਰ ਸਕਦੇ ਨ।

ਮੰਡੀਕਰਨ ਬੋਰਡ ਸੜਕਾਂ ਦੀ ਮੁਰੰਮਤ 'ਤੇ 645 ਕਰੋੜ ਰੁਪਏ ਖਰਚੇਗਾ- ਸੁਖਪਾਲ ਨੰਨੂ

ਫਿਰੋਜਪੁਰ, 11 ਜੂਨ, (ਜੀ.ਐਸ. ਕਾਲੜਾ)- ਪੰਜਾਬ ਮੰਡੀਕਰਨ ਬੋਰਡ ਵੱਲੋਂ 645 ਕਰੋੜ ਰੁਪਏ ਦੀ ਲਾਗਤ ਨਾਲ 9007 ਕਿਲੋ ਮੀਟਰ ਸੜਕਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ ਇਹ ਜਾਣਕਾਰੀ ਸ੍ਰ. ਸੁਖਪਾਲ ਸਿੰਘ ਨੰਨੂ ਮੁੱਖ ਸੰਸਦੀ ਸਕੱਤਰ, ਪੰਜਾਬ ਨੇ ਨਵੀਂ ਆਨਾਜ ਮੰਡੀ ਫਿਰੋਜਪੁਰ ਸ਼ਹਿਰ ਵਿਖੇ 32 ਲੱਖ ਰੁਪਏ ਦੀ ਲਾਗਤ ਦੇ ਨਾਲ ਨਵੇਂ ਉਸਾਰੇ ਜਾਣ ਵਾਲੇ ਪਲੇਟ ਫਾਰਮ ਦਾ ਨੀਂਹ-ਪੱਥਰ ਰੱਖਣ ਤੋਂ ਬਾਅਦ ਵਿਸਾਸਮਾਗਮ ਨੂੰ ਸੰਬੋਧਨ ਕਰਦਿਆਂ ਦਿੱਤੀ। ਇਸ ਸਮਾਗਮ ਵਿਚ ਸ੍ਰੀ ਦਵਿੰਦਰ ਕਪੂਰ ਪ੍ਰਧਾਨ ਨਗਰ-ਕੌਂਸਲ, ਸ੍ਰੀ ਰਜਿੰਦਰ ਚਾਨਣਾ ਸੀਨੀ: ਮੀਤ ਪ੍ਰਧਾਨ ਨਗਰ-ਕੌਂਸਲ, ਸ੍ਰੀ ਅਸ਼ਵਨੀ ਗਰੋਵਰ, ਸ੍ਰ. ਦਲਜੀਤ ਸਿੰਘ, ਸ੍ਰੀ ਰਵੀ ਮਹਿਤਾ, ਸ੍ਰ. ਜੱਗਾ ਸਾਰੇ ਮੈਬਰ ਨਗਰ-ਕੌਂਸਲ, ਭਾਈ ਜਸਪਾਲ ਸਿੰਘ, ਸ੍ਰ. ਇੰਦਰਜੀਤ ਸਿੰਘ ਬੇਦੀ, ਸ੍ਰ. ਚਰਨ ਸਿੰਘ ਪ੍ਰਧਾਨ ਆੜਤੀਆ ਐਸੋਸੀਏਸ਼ਨ, ਸ੍ਰ. ਹਰਪਾਲ ਸਿੰਘ ਸਕੱਤਰ ਮਾਰਕਿਟ ਕਮੇਟੀ, ਸ੍ਰ. ਨਰਿੰਦਰ ਸਿੰਘ ਜੋਸਨ ਤੋਂ ਇਲਾਵਾ ਇਲਾਕੇ ਦੇ ਸਮੂਹ ਆਗੂਆਂ ਨੇ ਭਾਗ ਲਿਆ। ਸ੍ਰ. ਸੁਖਪਾਲ ਸਿੰਘ ਨੰਨੂ ਨੇ ਇਸ ਮੌਕੇ ਤੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੀਆਂ ਸਾਰੀਆਂ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ। ਪੰਜਾਬ ਮਡੀਕਰਨ ਬੋਰਡ ਵੱਲੋਂ 2001-02 ਦੌਰਾਨ ਬਣਾਈਆਂ ਸਾਰੀਆਂ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ 30 ਜੂਨ ਤੱਕ ਮੁਕੰਮਲ ਕਰ ਲਿਆ ਜਾਵੇਗਾ। ਸ੍ਰ. ਸੁਖਪਾਲ ਸਿੰਘ ਨੰਨੂ ਨੇ ਇਹ ਵੀ ਦੱਸਿਆ ਕਿ ਕੰਡੀ ਅਤੇ ਸਰਹੱਦੀ ਖੇਤਰ ਦੀਆਂ ਮੰਡੀਆਂ ਦੇ ਵਿਕਾਸ ਲਈ 48.57 ਕਰੋੜ ਰੁਪਏ ਦੀ ਲਾਗਤ ਨਾਲ ਮੰਡੀਆਂ ਦੀਆਂ ਅੰਦਰੂਨੀ ਸੜਕਾਂ, ਕਵਰ ਸੈ ਪਲੇਟ ਫਾਰਮ ਅਤੇ ਬਿਜਲੀ ਆਦਿ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਸ੍ਰ. ਸੁਖਪਾਲ ਸਿੰਘ ਨੰਨੂ ਨੇ ਇਸ ਮੌਕੇ ਤੇ ਦੱਸਿਆ ਕਿ ਨਵੀਂ ਆਨਾਜ਼ ਮੰਡੀ ਫਿਰੋਜਪੁਰ ਸ਼ਹਿਰ ਵਿਖੇ 60 ਟਨ ਦੀ ਕਪੈਸਟੀ ਵਾਲਾ ਕੰਪਿਊਟਰਾਈਜ਼ਡ ਕੰਡਾ ਜਲਦੀ ਹੀ ਲਗਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਮੰਡੀ ਦੀ ਸਫਾਈ ਲਈ ਵੈਕਿਊਮਕਲੀਨਰ ਵੀ ਮੰਡੀ ਬੋਰਡ ਨੂੰ ਉਪਲੱਬਧ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਤੇ ਸ੍ਰ. ਸੁਖਪਾਲ ਸਿੰਘ ਨੰਨੂ ਨੇ ਆੜਤੀਆ ਐਸੋਸੀਏਸ਼ਨ ਦੀਆਂ ਸ਼ਿਕਾਇਤਾਂ ਨੂੰ ਵੀ ਸੁਣਿਆਂ ਅਤੇ ਭਰੋਸਾ ਦਿੱਤਾ ਕਿ ਨੂਰ ਰਾਈਸ ਮਿੱਲ ਦੇ ਮਸਲੇ ਨੂੰ ਜਲਦੀ ਹੀ ਸੁਲਝਾ ਲਿਆ ਜਾਵੇਗਾ।

ਸੁਖਪਾਲ ਸਿੰਘ ਨੰਨੂ ਮੁੱਖ ਸੰਸਦੀ ਸਕੱਤਰ, ਪੰਜਾਬ ਨਵੀਂ ਅਨਾਜ ਮੰਡੀ ਫਿਰੋਜ਼ਪੁਰ ਸ਼ਹਿਰ ਵਿਖੇ ਪਲੇਟ ਫਾਰਮ (ਫੜ) ਦਾ ਨੀਂਹ ਪੱਥਰ ਰੱਖਦੇ ਹੋਏ। *ਤਸਵੀਰ: ਜੀ.ਐਸ. ਕਾਲੜਾ*

ਮੋਟਰਸਾਈਕਲ ਟਰੈਕਟਰ ਦੀ ਟੱਕਰ ਵਿੱਚ ਇੱਕ ਦੀ ਮੌਤ , ਇੱਕ ਜ਼ਖ਼ਮੀ

ਜ਼ੀਰਾ, 11 ਜੂਨ (ਲਖਵੀਰ ਸਿੰਘ ਲੱਖਾਂ)-ਜ਼ੀਰਾ ਬੋਤੀਆ ਵਾਲਾ ਰੋਡ ਨੇੜੈ ਪੈਟਰੋਲ ਵਿਖੇ ਬੀਤੀ ਦੇਰ ਸ਼ਾਮ ਵਾਪਰੇ ਸੜਕ ਹਾਦਸੇ ਵਿੱਚ ਇੱਕ ਦੀ ਮੌਤ ਹੋ ਗਈ ਜਦ ਕਿ ਇੱਕ ਜਖ਼ਮੀ ਹੋ ਗਿਆ । ਜਾਣਕਾਰੀ ਅਨੁਸਾਰ ਮੋਟਰ ਸਾਇਕਲ ਨੰਬਰ ਪੀ.ਬੀ 47ਏ। 4988 ਪ੍ਰਤਾਪ ਸਿੰਘ ਪੁਤਰ ਗੁਰਬਖ਼ਸ਼ ਸਿੰਘ ਵਾਸੀ ਕੋਟਲੀ ਵਸਾਲਾ ਸਿੰਘ ਤੇ ਪਰਮਿੰਦਰ ਸਿੰਘ ਪੁੱਤਰ ਤੇਜ਼ ਸਿੰਘ ਵਾਸੀ ਮੀਹਾ ਸਿੰਘ ਵਾਲਾ ਖੁਰਦ ਜ਼ੀਰਾ ਤੋ ਬੋਤੀਆ ਵੱਲ ਜਾ ਰਹੇ ਸਨ ਕਿ ਜਦ ਉਹ ਪਿੰਡ ਬੋਤੀਆ ਵਾਲਾ ਨੇੜੇ ਪੈਟਰੋਲ ਪੰਪ ਕੋਲ ਪਹੁੰਚੇ ਤਾਂ ਸਾਹਮਣੇ ਤੋ ਆ ਰਹੇ ਇੱਕ ਟਰੈਕਟਰ ਨਾਲ ਉਹਨਾਂ ਦੀ ਅਚਾਨਕ ਟੱਕਰ ਹੋ ਗਈ ਜਿਸ ਵਿੱਚ ਪ੍ਰਤਾਪ ਸਿੰਘ ਪੁੱਤਰ ਗੁਰਬਖ਼ਸ਼ ਸਿੰਘ ਦੀ ਹਸਪਤਾਲ ਲਿਜਾਂਦੇ ਸਮੇ ਮੌਤ ਹੋ ਗਈ ਜਦ ਕਿ ਪਰਮਿੰਦਰ ਸਿੰਘ ਜਖ਼ਮੀ ਹੋ ਗਿਆ । ਇਸ ਸਮੇ ਥਾਣਾਂ ਜ਼ੀਰਾ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ।

ਮੂਰਤੀ ਸਥਾਪਨਾ ਅੱਜ

ਭੀਖੀ,11 ਜੂਨ (ਬਲਕਾਰ ਸਹੋਤਾ)- ਸਥਾਨਕ ਵਾਰਡ ਨੰਬਰ ਇੱਕ 'ਚ ਨਵ-ਨਿਰਮਾਣ ਸ਼ਨੀ ਦੇਵਤਾ ਦੇ ਮੰਦਿਰ 'ਚ ਸ਼ਨੀਵਾਰ ਨੂੰ ਸ਼ਨੀ ਦੇਵ ਦੀ ਮੂਰਤੀ ਸਥਾਪਤ ਕੀਤੀ ਜਾਵੇਗੀ। ਪ੍ਰਬੰਧ ਕਮੇਟੀ ਨੇ ਦੱਸਿਆ ਕਿ ਪਿਛਲੇ ਕਈ ਮਹੀਨਿਆਂ ਤੋਂ ਮੰਦਿਰ ਦੀ ਕਾਰ-ਸੇਵਾ ਦਾ ਕੰਮ ਚੱਲ ਰਿਹਾ ਹੈ, ਜੋ ਹੁਣ ਸੰਪੂਰਨ ਹੋਣ ਦੇ ਨੇੜੇ ਹੈ। ਮੂਰਤੀ ਸਥਾਪਨਾ ਦੇ ਸਬੰਧ 'ਚ ਪਿਛਲੇ ਦਿਨਾਂ ਤੋਂ ਪੂਜਾ ਅਰਚਨਾ ਚੱਲ ਰਹੀ ਹੈ, 12 ਜੂਨ ਨੂੰ ਕਸਬੇ 'ਚ ਸਵੇਰੇ ਸ਼ੋਭਾ ਯਾਤਰਾ ਨਿਕਾਲੀ ਜਾਵੇਗੀ। ਉਪਰੰਤ ਸ਼ਾਮ ਮੂਰਤੀ ਸਥਾਪਤ ਕੀਤੀ ਜਾਵੇਗੀ। ਇਸ ਮੌਕੇ ਪੂਜਾ 'ਚ ਪੰਡਿਤ ਲਕਸ਼ਮੀ ਚੰਦ, ਕਮੇਟੀ ਮੈਂਬਰ ਸੋਨੀ, ਮੇਘ ਰਾਜ, ਰਜਿੰਦਰ ਰਾਜੀ, ਸੁਨੀਲ ਕੁਮਾਰ, ਜਤਿੰਦਰ ਬਾਂਸਲ, ਸ਼ਿਵ ਕੁਮਾਰ ਬਬਲੂ ਅਤੇ ਗਿਆਨ ਚੰਦ ਆਦਿ ਸ਼ਾਮਿਲ ਸਨ।

ਐਸ.ਏ.ਐਸ.ਨਗਰ ਤੋਂ ਪਿੰਡ ਛੱਤ ਤੱਕ ਬਣਨ ਵਾਲੀ 200 ਫੁੱਟ ਚੌੜੀ ਸੜਕ ਤੇ 90 ਕਰੋੜ ਰੁਪਏ ਖਰਚ ਕੀਤੇ ਜਾਣਗੇ

ਐਸ.ਏ.ਐਸ.ਨਗਰ, 11 ਜੂਨ (ਵੀਨਾ ਰਾਜਪੂਤ)-ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜਿਸ ਨੂੰ ਕਿ ਪੰਜਾਬ ਦਾ ਪ੍ਰਵੇਸ਼ ਦੁਵਾਰ ਵੀ ਕਿਹਾ ਜਾਂਦਾ ਹੈ ਅਤੇ ਇਹ ਨਗਰ ਜਿੱਥੇ ਸੂਚਨਾਂ ਤਕਨਾਂਲੋਜੀ ਦੇ ਹੱਬ ਅਤੇ ਸਿੱਖਿਆ ਦੇ ਹੱਬ ਵੱਜੋਂ ਉੱਭਰ ਕੇ ਸਾਹਮਣੇ ਆ ਰਿਹਾ ਹੈ ਉੱਥੇ ਅੰਤਰ ਰਾਸਟਰੀ ਅੱਡਾ ਸਥਾਪਿਤ ਹੋਣ ਨਾਲ ਐਸ.ਏ.ਐਸ. ਨਗਰ ਦੁਨੀਆਂ ਦੇ ਨਕਸੇ ਵਿੱਚ ਜਲਦੀ ਹੀ ਉਭਰ ਕੇ ਸਾਹਮਣੇ ਆਵੇਗਾ। ਪੰਜਾਬ ਦੀ ਮੌਜੂਦਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਐਸ.ਏ.ਐਸ. ਨਗਰ ਨੂੰ ਵਿਸ਼ਵ ਦਾ ਮਾਡਰਨ ਸ਼ਹਿਰ ਬਣਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਅੱਜ ਇੱਥੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਐਸ.ਏ.ਐਸ. ਨਗਰ ਜ਼ਿਲ੍ਹੇ ਦੇ ਐਸ.ਏ.ਐਸ. ਨਗਰ ਸਮੇਤ ਖਰੜ, ਜ਼ੀਰਕਪੁਰ, ਬਨੂੜ, ਡੇਰਾਬਸੀ ਅਤੇ ਕੁਰਾਲੀ ਵਿੱਚ 210 ਕਰੋੜ ਰੁਪਏ ਦੀ ਲਾਗਤ ਨਾਲ 100ਫ਼ੀ ਸਦੀ ਪੀਣ ਵਾਲੀ ਪਾਣੀ, ਸੀਵਰੇਜ ਸਮੇਤ ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣਾ ਸੜਕਾਂ ਅਤੇ ਸਟਰੀਟ ਲਾਇਟਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਇਹ ਕਾਰਜ 18 ਮਹੀਨਿਆਂ ਦੇ ਅੰਦਰ- ਅੰਦਰ ਮੁਕੰਮਲ ਕੀਤੇ ਜਾਣਗੇ । ਜਿਸ ਨਾਲ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਉਪਲੱਬਧ ਹੋ ਜਾਣਗੀਆਂ ਅਤੇ ਲੋਕਾਂ ਦੀ ਲੰਮੇ ਚਿਰਾਂ ਤੋਂ ਚਲੀਆਂ ਆ ਰਹੀਆਂ ਮੰਗਾਂ ਵੀ ਪੂਰੀਆਂ ਹੋ ਜਾਣਗੀਆਂ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਐਸ.ਏ.ਐਸ.ਨਗਰ ਵਿੱਚ ਪੈਂਦੇ ਸੈਕਟਰ 66 ਅਤੇ 66 - ਏ ਤੋਂ ਪਿੰਡ ਛੱਤ ਤੱਕ ਚੰਡੀਗੜ੍ਹ ਪਟਿਆਲਾ ਨੈਸ਼ਨਲ ਹਾਈਵੇ ਨੂੰ ਜੋੜਦੀ 200 ਫੁੱਟ ਚੌੜੀ ਸੜਕ 90 ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਜਾਵੇਗੀ। ਇਸ ਸੜਕ ਦੇ ਬਣਨ ਨਾਲ ਜਿੱਥੇ ਪਟਿਆਲੇ ਨਾਲ ਐਸ.ਏ.ਐਸ.ਨਗਰ ਦਾ ਸਿੱਧਾ ਸੰਪਰਕ ਬਣੇਗਾ ਅਤੇ ਇਸ ਸੜਕ ਦਾ ਹੋਰਨਾਂ ਜ਼ਿਲ੍ਹਿਆਂ ਦੇ ਲੋਕਾਂ ਨੂੰ ਵੀ ਐਸ.ਏ.ਐਸ.ਨਗਰ ਪੁੱਜਣ ਲਈ ਘੱਟ ਪੈਂਡਾ ਤੈਅ ਕਰਨਾਂ ਪਵੇਗਾ ਅਤੇ ਸਮੇਂ ਦੀ ਬੱਚਤ ਵੀ ਹੋਵੇਗੀ ਅਤੇ ਇਸ ਸੜਕ ਨਾਲ ਅੰਤਰਰਾਸਟਰੀ ਹਵਾਈ ਅੱਡੇ ਨਾਲ ਵੀ ਸਿੱਧਾ ਸੰਪਰਕ ਬਣੇਗਾ ਅਤੇ ਹਵਾਈ ਅੱਡੇ ਨੂੰ ਜਾਣ ਲਈ ਵੀ ਆਵਾਜਾਈ ਦੀ ਵੱਡੀ ਸਹੂਲਤ ਪ੍ਰਦਾਨ ਹੋਵੇਗੀ। ਇਸ ਸੜਕ ਦੇ ਬਣਨ ਨਾਲ ਜ਼ੀਰਕਪੁਰ, ਚੰਡੀਗੜ੍ਹ ਤੇ ਟਰੈਫਿਕ ਦੀ ਸੱਮਸਿਆ ਵੀ ਘਟੇਗੀ। ਜਿਸ ਨਾਲ ਅਵਾਜਾਈ ਹੋਰ ਸੁਖਾਲੀ ਹੋਵੇਗੀ। ਉਹਨਾਂ ਦੱਸਿਆ ਕਿ ਐਸ.ਏ.ਐਸ.ਨਗਰ ਤੋਂ ਪਿੰਡ ਛੱਤ ਤੱਕ ਬਣਨ ਵਾਲੀ ਸੜਕ ਨੂੰ 8 ਮਹੀਨਿਆਂ ਦੇ ਅੰਦਰ - ਅੰਦਰ ਮੁਕੰਮਲ ਕੀਤਾ ਜਾਵੇਗਾ।

ਤਪਾ 'ਚ ਨਾਜਾਇਜ਼ ਕਬਜ਼ੇ ਹਟਾਉਣ ਤੋਂ ਬਾਅਦ ਦੁਕਾਨਾਂ ਅੱਗੇ ਮੁੜ ਤੋਂ ਰੱਖੇ ਸਮਾਨ ਦਾ ਦ੍ਰਿਸ਼। *ਤਸਵੀਰ: ਯਾਦੂ ਭੁੱਲਰ*

ਨਗਰ ਕੌਂਸਲ ਦੇ ਦਬਕਿਆਂ ਦੇ ਬਾਵਜੂਦ ਦੁਕਾਨਾਂ ਅੱਗੇ ਫਾਲਤੂ ਸਮਾਨ ਫਿਰ ਟਿਕਿਆ

ਤਪਾ ਮੰਡੀ, 11 ਜੂਨ (ਯਾਦੂ ਭੁੱਲਰ)- ਤਪਾ ਸ਼ਹਿਰ ਦੇ ਸਾਰੇ ਬਾਜ਼ਾਰਾਂ ਵਿਚ ਦੋ ਦਿਨ ਪਹਿਲਾਂ ਇਕ ਵੱਡੀ ਕਾਰਵਾਈ ਕਰਦਿਆਂ ਸਥਾਨਕ ਨਗਰ ਕੌਂਸਲ ਦੇ ਅਧਿਕਾਰੀਆਂ, ਥਾਣਾ ਮੁਖੀ ਸੁਮਿਤ ਸੂਦ ਅਤੇ ਜ਼ਿਲ੍ਹਾ ਬਰਨਾਲਾ ਦੀ ਟ੍ਰੈਫਿਕ ਇੰਚਾਰਜ ਮੈਡਮ ਜਸਵੀਰ ਕੌਰ ਨੇ ਆਪਣੇ ਅਮਲੇ ਸਮੇਤ ਦੁਕਾਨਾਂ ਅੱਗੇ ਫੁਟਪਾਥਾਂ ਉੱਪਰ ਲੱਗੇ ਫਾਲਤੂ ਸਾਮਾਨ ਨੂੰ ਨਗਰ ਕੌਂਸਲ ਦੀ ਟਰੈਕਟਰ-ਟਰਾਲੀ ਉੱਪਰ ਜ਼ਬਰੀ ਚੁੱਕ ਕੇ ਲੱਦ ਲਿਆ ਸੀ ਅਤੇ ਦੁਕਾਨਦਾਰਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਸੀ ਕਿ ਅਗਰ ਕੋਈ ਆਪਣੀਆਂ ਦੁਕਾਨਾਂ ਤੋਂ ਬਾਹਰ ਵੇਚਣ ਵਾਲੇ ਫਾਲਤੂ ਸਾਮਾਨ ਦੀ ਨੁਮਾਇਸ਼ ਲਗਾਏਗਾ ਤਾਂ ਉਸ ਦੁਕਾਨਦਾਰ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪਰੰਤੂ ਦਿਲਚਸਪ ਵਰਤਾਰਾ ਇਹ ਹੈ ਕਿ ਦੁਕਾਨਦਾਰਾਂ ਨੇ ਕਾਰਵਾਈ ਤੋਂ ਅਗਲੇ ਦਿਨ ਹੀ ਦੁਕਾਨਾਂ ਅੱਗੇ ਵਾਧੂ ਸਾਮਾਨ ਲਗਾਉਣਾ ਫਿਰ ਸ਼ੁਰੂ ਕਰ ਦਿੱਤਾ ਸੀ, ਹੁਣ ਹੌਲੀ-ਹੌਲੀ ਸਥਿਤੀ ਪਹਿਲਾਂ ਵਾਲੀ ਬਣਦੀ ਜਾ ਰਹੀ ਹੈ ਅਤੇ ਨਗਰ ਕੌਂਸਲ ਤਪਾ, ਤਪਾ ਪੁਲਿਸ ਅਤੇ ਟ੍ਰੈਫਿਕ ਵਿਕਾਸ ਮੂਕ ਦਰਸ਼ਕ ਬਣਿਆ ਹੋਇਆ ਹੈ। ਜਦੋਂ ਇਸ ਸਬੰਧੀ ਨਗਰ ਕੌਂਸਲ ਦੇਪ੍ਰਧਾਨ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਸ਼ਹਿਰ ਦੇ ਬਾਜ਼ਾਰਾਂ ਦੇ ਲਾਂਘੇ ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਖਾਲ੍ਹੀ ਕਰਵਾਏ ਜਾ ਰਹੇ ਹਨ ਤਾਂ ਕਿ ਕਿਸੇ ਕਿਸਮ ਦੀ ਟ੍ਰੈਫਿਕ ਸਮੱਸਿਆ ਪੈਦਾ ਨਾ ਹੋਵੇ, ਉਨ੍ਹਾਂ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਖ਼ਤ ਤਾੜਨਾ ਕੀਤੀ ਕਿ ਅਗਰ ਸਰਕਾਰੀ ਥਾਵਾਂ ਨੂੰ ਰੋਕਿਆ ਗਿਆ ਅਤੇ ਬਾਜ਼ਾਰਾਂ ਨੂੰ ਵਾਧੂ ਸਾਮਾਨ ਨਾਲ ਤੰਗ ਕੀਤਾ ਗਿਆ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਦੀ ਅਗਾਊਂ ਕੋਈ ਵੀ ਚੇਤਾਵਨੀ ਨਹੀਂ ਦਿੱਤੀ ਜਾਵੇਗੀ ਕਿਉਂਕਿ ਨਗਰ ਕੌਂਸਲ ਨੇ ਇਕ ਵਾਰ ਮੁਨਿਆਦੀ ਕਰਵਾ ਦਿੱਤੀ ਹੈ ਅਤੇ ਹੁਣ ਕਨੂੰਨ ਤੋੜਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।